ਗੁਰੂ ਨਾਨਕ - ਸਬਦ ੩੧

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੬

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥

ਸਾਰ: ਰੂਹਾਨੀ ਗਿਆਨ ਸਿਰਫ਼ ਤੱਥਾਂ ਅਤੇ ਜਾਣਕਾਰੀ ਨੂੰ ਇਕੱਤਰ ਕਰਨਾ ਨਹੀਂ ਹੈ। ਇਸ ਲਈ ਦਇਆ, ਸਵੈ-ਚਿੰਤਨ, ਅਤੇ ਵੰਨ-ਸੁਵੰਨੇ ਨਜ਼ਰੀਏ ਨੂੰ ਸਵੀਕਾਰਨ ਦੀ ਲੋੜ ਹੈ। ਜਿਸ ਨਾਲ ਸਮਾਜ-ਪੱਖੀ ਵਿਵਹਾਰਾਂ ਨੂੰ ਸੁਚੇਤ ਤੌਰ 'ਤੇ ਵਿਕਸਤ ਕੀਤਾ ਜਾ ਸਕਦਾ ਹੈ। ਇਸ ਵਿੱਚ ਉਸਾਰੂ ਸੋਚ ਸ਼ਾਮਲ ਹੁੰਦੀ ਹੈ ਜੋ ਵਿਚਾਰ ਭਰਪੂਰ ਨਿਰਣਿਆਂ ਨੂੰ ਲੈਣ ਲਈ, ਲਗਾਤਾਰ ਵਿਅਕਤੀਗਤ ਵਿਕਾਸ ਦੀ ਆਗਿਆ ਦਿੰਦੀ ਹੈ। ਇਸ ਵਿਚ ਇਹ ਵਿਚਾਰਨਾ ਵੀ ਸ਼ਾਮਿਲ ਹੈ ਕਿ ਕਿਸ ਤਰ੍ਹਾਂ ਕਰਮ ਸਾਡੇ ਆਲੇ ਦੁਆਲੇ ਰਹਿਣ ਵਾਲਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਰੂਹਾਨੀ ਗਿਆਨ ਨੂੰ ਪ੍ਰਤੀਦਿਨ ਨਿਰਬਾਹ ਦੇ ਸ੍ਰੋਤ ਅਤੇ ਦਇਆ ਨੂੰ ਭੰਡਾਰ ਦੀ ਤਰ੍ਹਾਂ ਸਤਿਕਾਰ ਕਰਨ ਦਾ ਯਤਨ ਕਰੋ। ਕਿਉਂਕਿ ਉਹੀ ਜੀਵਨ ਸ਼ਕਤੀ ਸ੍ਰਿਸ਼ਟੀ ਦੇ ਹਰ ਹਿੱਸੇ ਵਿੱਚ ਮਹਿਕਾਂ ਵੰਡ ਰਹੀ ਹੈ।

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸਰਬ-ਵਿਆਪਕ ਅਣਡਿਠ ਚੇਤਨਾ ਪਦਾਰਥਕ ਦੌਲਤ, ਰੂਹਾਨੀ ਸੂਝ, ਹੈਰਾਨਮਈ ਸ਼ਕਤੀਆਂ, ਅਤੇ ਹੋਰ ਬਹੁਤ ਸਾਰੇ ਪ੍ਰਗਟਾਵਿਆਂ ਨੂੰ ਉਸਾਰਨ ਵਾਲੀ ਸਭ ਤੋਂ ਸਰਵਉਚ ਮਾਲਕ ਹੈ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥

ਮਿਲਾਪ ਅਤੇ ਵਿਛੋੜੇ ਦਾ ਦਵੈਤ ਇੱਕੋ ਸਮੇਂ ਦੁਨਿਆਵੀ ਮਾਮਲਿਆਂ ਵਿੱਚ ਵਰਤ ਰਿਹਾ ਹੈ। ਕਿਸੇ ਦੇ ਕਰਮਾਂ ਦੇ ਅਧਾਰ ਤੇ, ਕਾਰਨ ਅਤੇ ਪ੍ਰਭਾਵ ਦਾ ਨਿਯਮ ਉਸ ਦੀ ਕਿਸਮਤ ਨੂੰ ਨਿਰਧਾਰਤ ਕਰਦਾ ਹੈ।

ਆਦੇਸੁ ਤਿਸੈ ਆਦੇਸੁ ॥
ਕੁਦਰਤ ਦੇ ਹੁਕਮ ਦਾ ਸਤਿਕਾਰ, ਵਿਸ਼ਵਵਿਆਪੀ ਨਿਯਮ ਹੈ।

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥
ਸ੍ਰੋਤ, ਬੇਦਾਗ, ਅਨੰਤ, ਅਨਾਦਿ, ਸਰਬ-ਵਿਆਪਕ ਅਣਡਿਠ ਊਰਜਾ ਆਦਿ ਕਾਲ ਤੋਂ ਹੀ ਇੱਕੋ ਇੱਕ ਮੁੱਢਲੀ ਹਸਤੀ ਰਹੀ ਹੈ। (੨੯)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਕਰਮ ਅਤੇ ਨਿਰਣਿਆਂ ਦਾ ਅਸਰ ਹੁੰਦਾ ਹੈ। ਭਾਵੇਂ ਚੋਣਾਂ ਛੋਟੀਆਂ, ਮਾਮੂਲੀ, ਗੈਰ-ਮਹੱਤਵਪੂਰਨ, ਮਹੱਤਵਪੂਰਨ, ਜਾਂ ਪਰਿਵਰਤਨਸ਼ੀਲ ਹੋਣ, ਹਰ ਫੈਸਲਾ ਅਤੇ ਕਾਰਵਾਈ ਘਟਨਾਵਾਂ ਨੂੰ ਗਤੀ ਵਿੱਚ ਬੰਨਦਾ ਹੈ। ਜਿਸ ਉਪਰ ਵਿਅਕਤੀਗਤ ਅਤੇ ਵਿਸ਼ਵਵਿਆਪੀ ਪੱਧਰਾਂ ਦੇ ਅਨੁਭਵ ਦਾ ਪ੍ਰਭਾਵ ਹੁੰਦਾ ਹੈ। ਕਿਉਂ ਕਿ ਸਾਰੇ ਜੀਵਾਂ ਦਾ ਸ੍ਰੋਤ ਇੱਕ ਸਰਵ ਵਿਆਪਕ ਚੇਤਨਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**